# ਪ੍ਰਸ਼ਨ :→ ਵਿਸ਼ਾ ਵਸਤੂ
(ਸੁਹਾਗ)

ਸੁਹਾਗ ਇਕਾਂਗੀ ਪੰਜਾਬੀ ਇਕਾਂਗੀ ਦੇ ਪਿਤਾਮਾ ਈਸ਼ਵਰ ਚੰਦਰ ਨੰਦਾ ਨੇ ਸ਼੍ਰੀਮਤੀ ਨੋਰਾ ਰਿਚਰਡਜ਼ ਦੀ ਪ੍ਰੇਰਨਾ ਨਾਲ 1913 ਈ: ਵਿਚ ਲਿਖਿਆ ਅਤੇ ਇਹ ਉਹ ਇਕਾਂਗੀ ਹੈ, ਜਿਸ ਨਾਲ ਪੰਜਾਬੀ ਵਿਚ ਰੰਗ-ਮੰਚ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਨਾਟਕ ਦੀ ਰਚਨਾ ਆਰੰਭ ਹੋਈ।

ਸੁਹਾਗ ਇਕਾਂਗੀ ਦਾ ਵਿਸ਼ਾ ਸਾਡੇ ਸਮਾਜ ਵਿਚ ਗਰੀਬੀ ਤੇ ਕਰਜ਼ੇ ਦੇ ਭਾਰ ਹੇਠ ਦੱਬੇ ਲੋਕਾਂ ਦੀਆਂ ਧੀਆਂ ਨੂੰ ਵਿਆਹੁਣ ਦੀ ਸਮੱਸਿਆ ਹੈ, ਜਿਸ ਦਾ ਸਿੱਟਾ ਅਨਜੋੜ ਵਿਆਹ ਨਿਕਲਦਾ ਹੈ। ਇਕਾਂਗੀਕਾਰ ਨੇ 1913 ਵਿਚ ਜਦੋਂ ਇਹ ਨਾਟਕ ਲਿਖਿਆ, ਉਸ ਸਮੇਂ ਧੀਆਂ ਨੂੰ ਛੋਟੀ ਉਮਰ ਵਿਚ ਵਿਆਹੁਣ, ਗਰੀਬੀ ਤੇ ਕਰਜ਼ੇ ਦੇ ਭਾਰ ਹੇਠਾਂ ਦੱਬੇ ਲੋਕਾਂ ਦੇ ਮੁਟਿਆਰ ਧੀਆਂ ਦੇ ਪੈਸੇ ਲੈ ਕੇ ਬੁੱਢਿਆਂ ਨਾਲ ਵਿਆਹ ਦੇਣ ਜਾਂ ਇਸ ਮਜਬੂਰੀ ਅਧੀਨ ਗੁੱਡੀਆਂ-ਪਟੋਲੇ ਖੇਡਦੀਆਂ ਧੀਆਂ ਨੂੰ ਵੀ ਬੁੱਢਿਆਂ ਨਾਲ ਵਿਆਹ ਦੇਣ ਦੀ ਸਮੱਸਿਆ ਪ੍ਰਧਾਨ ਸੀ। ਪਹਿਲਾਂ ਦੀਆਂ ਜਵਾਨੀਆਂ ਕੁੜੀਆਂ ਨੂੰ ਛੋਟੀ ਉਮਰ ਵਿਚ ਵਿਆਹੁਣ 'ਤੇ ਰੋਕ ਲੱਗੀਆਂ ਸਨ। ਗਰੀਬ ਆਦਮੀ ਕੋਲ ਧੀ ਦਾ ਵਿਆਹ ਕਰਨ ਲਈ ਪੈਸੇ ਨਹੀਂ ਸਨ ਹੁੰਦੇ ਤੇ ਰਈਸੀ ਅਮੀਰ ਲੋਕਾਂ ਦੀ ਪੈਸੇ ਦੀ ਛਣਕਾਰ ਉਨ੍ਹਾਂ ਨੂੰ ਅਣਜੋੜ ਵਿਆਹ ਕਰਨ

ਕਈ ਪੈਸੇ ਨਹੀਂ ਸਨ ਹੁੰਦੇ ਤੇ ਰਵੰਸੀ ਅਮੀਰ ਲੋਕਾਂ ਦੇ ਪੈਸੇ ਦੀ ਛਣਕਾਰ ਉਨ੍ਹਾਂ ਨੂੰ ਅਣਜੋੜ ਵਿਆਹ ਕਰਨ ਲਈ ਮਜ਼ਬੂਰ ਕਰਦੀ ਸੀ, ਕਿਉਂਕਿ ਇਸ ਤਰ੍ਹਾਂ ਉਨ੍ਹਾਂ ਦੇ ਦੋ ਆਰਥਿਕ ਮਸਲੇ ਹੱਲ ਹੁੰਦੇ ਸਨ। ਇੱਕ ਤਾਂ ਧੀ ਵਿਆਹੀ ਜਾਂਦੀ ਸੀ ਦੂਸਰੇ ਧੀ ਦੇ ਪੈਸੇ ਵੱਟ ਕੇ ਜਾਂ ਤਾਂ ਸ਼ਾਹੂਕਾਰ ਦਾ ਕਰਜ਼ਾ ਕਿਸੇ ਹੱਦ ਤੱਕ ਲਾਹ ਲੈ ਜਾਂਦਾ ਸੀ, ਜਾਂ ਘਰ ਦਾ ਕੋਈ ਹੋਰ ਕੰਮ ਸੁਆਰਿਆ ਜਾਂਦਾ ਸੀ। ਇਸ ਪ੍ਰਕਾਰ ਉਸ ਸਮੇਂ ਧੀ ਦੇ ਪੈਸੇ ਲੈ ਕੇ ਅਣਜੋੜ ਤੇ ਜ਼ਬਰੀ ਵਿਆਹ ਦੀ ਸਮੱਸਿਆ ਸਮਾਜ ਵਿੱਚ ਕੋਹੜ ਵਾਂਗ ਫੈਲੀ ਹੋਈ ਸੀ। ਇਕਾਂਗੀ ਵਿੱਚ ਮੇਲੋ ਦੀ ਮਾਂ ਕ੍ਰਿਸ਼ਨੀ ਕਿ ਦੁਰਗਾ, ਪੁੱਤ-ਪੋਤਰਿਆਂ ਵਾਲੇ ਬਰ ਨਾਲ ਆਪਣੀ ਜਵਾਨ ਧੀ ਮੇਲੋ ਨੂੰ ਵਿਆਹੁਣ ਦੀ ਆਪਣੇ ਪਤੀ ਹੁਸ਼ਿਆਰ ਚੰਦ ਦੀ ਸਕੀਮ ਨਾਲ ਬਿਲਕੁਲ ਸਹਿਮਤ ਨਹੀਂ ਸੀ ਤੇ ਇਸ ਅਣਜੋੜ ਰਿਸ਼ਤੇ ਬਾਰੇ ਸੁਣ ਕੇ ਦੁਖੀ ਹੁੰਦੀ ਸੀ।

ਉਹ ਵੀ ਉਦੋਂ ਚੁੱਪ ਕਰ ਜਾਂਦੀ ਹੈ, ਜਦੋਂ ਹੁਸ਼ਿਆਰ ਚੰਦ ਉਸ ਨੂੰ ਬਰ ਵਾਲੇ ਘਰੋਂ ਇਸ ਵਿਆਹ ਬਦਲੇ ਮਿਲੀ ਰੁਪਈਆਂ ਦੀ ਥੈਲੀ ਵਿਖਾਉਂਦਾ ਹੈ। ਫਿਰ ਇਸ ਅਣਜੋੜ ਵਿਆਹ ਦੇ ਦੁਖਾਂਤ ਦਾ ਸਿਖਰ ਉਦੋਂ ਹੁੰਦਾ ਹੈ, ਜਦੋਂ ਮੇਲੋ ਦੇ ਘਰੋਂ ਖਿਸਕ ਜਾਣ ਤੇ ਹੁਸ਼ਿਆਰ ਚੰਦ ਗੱਡੀਆਂ ਪਟੋਲ ਪੋਡਰੀ ਲਾੜੇ ਨੂੰ ਹੀ ਲਾਵਾਂ ਲਈ ਫੜ ਕੇ ਲੈ ਜਾਂਦਾ ਹੈ। ਕੰਦੇ ਨ

ਬੇਸ਼ਕ ਆਪਣੇ ਸਮੇਂ ਦੀਆਂ ਸੁਧਾਰ ਲਹਿਰਾਂ ਤੋਂ ਪ੍ਰਭਾਵਿਤ ਹੋ ਕੇ ਸਮਾਜ ਸੁਧਾਰ ਦੀ ਪ੍ਰੇਰਨਾ ਲਈ ਇਹ ਵਿਸ਼ਾ ਚੁਣਿਆਂ ਹੈ ਤੇ ਸਾਨੂੰ ਸਮਾਜ ਵਿਚੋਂ ਇਸ ਬੁਰਾਈ ਤੇ ਕਾਬੂ ਨੂੰ ਦੂਰ ਕਰਨ ਦੀ ਪ੍ਰੇਰਨਾ ਦਿੰਦਾ ਹੈ। ਉਹ ਗੱਡੀਆਂ ਪਹਿਲੇ ਪੰਡਤੀ ਲਾਗੇ ਦਾ ਜ਼ਬਰਦਸਤੀ ਬੁੱਢੇ ਨਾਲ ਜੋ ਗਿਆ ਵਿਆਹ ਦਰਸਾ ਕੇ ਸਾਡੇ ਨੂੰ ਸੋਚਣ ਪਰ ਕਰ ਦਿੰਦਾ ਹੈ ਤੇ ਸਾਨੂੰ ਸਮਾਜ ਵਿਚੋਂ ਇਸ ਬੁਰਾਈ ਨੂੰ ਦੂਰ ਕਰਨ ਦੀ ਪ੍ਰੇਰਨਾ ਦਿੰਦਾ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਨੰਦੇ ਦੇ ਇਸ ਨਾਟਕ ਦਾ ਵਿਸ਼ਾ ਅਨਜੋੜ ਵਿਆਹ ਦੀ ਸਮੱਸਿਆ ਦੁਆਲੇ ਘੁੰਮਦਾ ਹੈ। ਪਰ ਉਹ ਇਸ ਵਿਚ ਸਮੱਸਿਆਂ ਦਾ ਨਾ ਤਾਂ ਕੋਈ ਠੋਸ ਹੱਲ ਹੀ ਦੱਸਿਆ ਹੈ ਤੇ ਨਾ ਇਸਦੇ ਹਲ ਵੱਲ ਕੋਈ ਸੰਕੇਤ ਕਰ ਸਕਿਆ ਹੈ। ਅੱਜ-ਕੱਲ ਭਾਵੇਂ ਇਹ ਵੀ ਸਮੱਸਿਆ ਉਸ ਸਮੇਂ ਵਾਲੇ ਭਿਆਨਕ ਰੂਪ ਵਿਚ ਮੌਜੂਦ ਨਹੀਂ ਹੈ ਪਰ ਫਿਰ ਵੀ ਕਿਸੇ ਨਾ ਕਿਸੇ ਰੂਪ ਵਿਚ ਗ਼ਰੀਬ ਤੇ ਕਰਜ਼ੇ ਦੇ ਮਾਰੇ ਮਾਪਿਆਂ ਦੇ ਅੱਗੇ ਧੀਆਂ ਦੇ ਵਿਆਹ ਦੀ ਸਮੱਸਿਆ ਮੌਜੂਦ ਰਹਿੰਦੀ ਹੈ। ਉਂਞ ਵਰਤਮਾਨ ਸਮੇਂ ਵਿਚ ਇਸਤਰੀ ਵਿੱਦਿਆ ਦੇ ਸਮਾਜ ਸੁਧਾਰ ਦੇ ਵਿਚਾਰਾਂ ਤੇ ਦਾਜ ਵਿਰੋਧੀ ਲਹਿਰਾਂ ਤੇ ਕਾਨੂੰਨਾਂ ਨੇ ਇਸ ਸਮੱਸਿਆ ਦੀ ਭਿਆਨਕਤਾ ਨੂੰ ਘਟਾਉਣ ਵਿਚ ਕਾਫ਼ੀ ਹਿੱਸਾ ਪਾਇਆ ਹੈ।